ਸੰਡੇ ਮੈਗਜ਼ੀਨ

ਅੱਜ ਦੀ ਆਵਾਜ਼

ਪੰਜਾਬ ਦੀ ਉਮੀਦ

www.ajdiawaaz.com

ਕੀਮਤ 2 ਰੁਪਏ

• ਜਲੰਧਰ **ਐਤਵਾਰ** • 31 ਜਨਵਰੀ, 2010 • 19 ਮਾਘ ਨਾਨਕਸ਼ਾਹੀ ਸੰਮਤ 541

ਸੰਪਾਦਕੀ/ ਬਲਜੀਤ ਸਿੰਘ ਬਰਾੜ

ਪੱਤਰਕਾਰਤਾ ਦੀ ਮਹਿਕ

ਅਖ਼ਬਾਰ ਪੋਸਟਰ ਨਹੀਂ ਹੁੰਦਾ, ਨਾ ਹੀ ਪੱਤਰਕਾਰ /ਸੰਪਾਦਕ ਪ੍ਰਚਾਰਕ ਹੁੰਦੇ ਹਨ। ਜਦੋਂ ਅਖ਼ਬਾਰ ਪੋਸਟਰ ਬਣਦੇ ਹਨ ਤਾਂ ਮਨੁੱਖ ਦੀ ਜ਼ਿੰਦਗੀ ਵਿੱਚ ਦੁਰਗੰਧ ਫੈਲ ਜਾਂਦੀ ਹੈ। ਪੋਸਟਰ ਬਣਨ ਵਾਲੇ ਅਖ਼ਬਾਰ ਆਪਣਾ ਮਹੱਤਵ ਵੀ ਗੰਵਾਅ ਬੈਠਦੇ ਹਨ। ਅਖ਼ਬਾਰਾਂ ਦਾ ਮਕਸਦ ਮਨੁੱਖ ਦੀ ਜ਼ਿੰਦਗੀ ਨੂੰ ਖ਼ੂਬਸੂਰਤੀ ਬਣਾਉਣਾ ਹੈ ਅਤੇ ਹੋਣਾ ਚਾਹੀਦਾ ਹੈ। ਸੰਚਾਰ ਅਤੇ ਭਾਸ਼ਾ ਦੀ ਖਾਸੀਅਤ ਕਾਰਨ ਹੀ ਮਨੁੱਖ ਨੂੰ ਪਸ਼ੂਆਂ ਤੋਂ ਵੱਖਰੀ ਦੁਨੀਆਂ ਵਸਾਉਣ ਦਾ ਮੌਕਾ ਮਿਲਿਆ ਹੈ।

ਪੱਤਰਕਾਰਤਾ ਸੰਚਾਰ ਦਾ ਇੱਕ ਉੱਤਮ ਮਾਧਿਅਮ ਹੈ। ਇਸ ਮਾਧਿਅਮ ਦੀ ਵਰਤੋਂ ਮਨੁੱਖੀ ਜ਼ਿੰਦਗੀ ਨੂੰ ਕਰੂਪ ਬਣਾਉਣ ਲਈ ਨਹੀਂ ਕੀਤੀ ਜਾਣੀ ਚਾਹੀਦੀ। ਇਸ ਮਾਧਿਅਮ ਦੀ ਸ਼ਕਤੀ ਚੁਣੀਆਂ ਹੋਈਆਂ ਸਰਕਾਰਾਂ ਦੀ ਬਰਾਬਰੀ ਕਰਦੀ ਹੈ। ਇਹੋ ਕਾਰਨ ਹੈ ਕਿ ਕੁੱਝ ਸਵਾਰਥੀ ਲੋਕ ਪੱਤਰਕਾਰਤਾ ਦੀ ਇਸ ਸ਼ਕਤੀ ਦਾ ਦੁਰਉਪਯੋਗ ਕਰਨ ਨੂੰ ਹੀ ਬਹਾਦਰੀ ਸਮਝਣ ਲੱਗ ਪਏ ਹਨ। ਪੱਤਰਕਾਰਤਾ ਦੇ ਮਕਸਦ ਨੂੰ ਭੁੱਲਣ ਵਾਲੇ ਅਸਲ ਵਿੱਚ ਮਨੁੱਖ ਦੇ ਵਰਤਮਾਨ ਅਤੇ ਭਵਿੱਖ ਨੂੰ ਦੁਰਗੰਧ ਨਾਲ ਭਰਨਾ ਚਾਹੁੰਦੇ ਹਨ। ਪੰਜਾਬ ਵਿੱਚ ਵੀ ਅਜਿਹੀ ਪੱਤਰਕਾਰਤਾ ਦਾ ਪ੍ਰਵੇਸ਼ ਹੋ ਚੁੱਕਾ ਹੈ। ਇਸ ਦਾ ਮਕਸਦ ਬੇਲੋੜੇ ਤਣਾਅ ਅਤੇ ਵਿਵਾਦ ਪੈਦਾ ਕਰਨਾ ਹੀ ਹੈ। ਇਸ ਵਿਵਾਦ ਵਿੱਚੋਂ ਹੀ ਇਹ ਸਵਾਰਥੀ ਲੋਕ ਆਪਣਾ ਉੱਲੂ ਸਿੱਧਾ ਕਰਦੇ ਹਨ। ਅਜਿਹੀ ਪੱਤਰਕਾਰਤਾ ਦਾ ਮਕਸਦ ਕਿਸੇ ਨਾ ਕਿਸੇ ਬਹਾਨੇ ਲੋਕਾਂ ਨੂੰ ਇੱਕ ਦੂਜੇ ਨਾਲ ਲੜਾਉਣਾ ਹੀ ਹੈ। ਅਜਿਹੀ ਪੱਤਰਕਾਰਤਾ ਦੇ ਅਲੰਬਰਦਾਰਾਂ ਦਾ ਭਰਮ ਹੈ ਕਿ ਉਹ ਇਸ ਦੁਰਗੰਧ ਵਾਲੀ ਪੱਤਰਕਾਰੀ ਨਾਲ ਪੰਜਾਬ ਦੇ ਜਨ-ਜੀਵਨ ਵਿਚ ਉਥਲ-ਪੁਥਲ ਫ਼ੈਲਾਅ ਦੇਣਗੇ। ਇਸ ਮਕਸਦ ਨਾਲ ਹੀ ਅਜਿਹੇ ਮਾਧਿਅਮਾਂ ਵੱਲੋਂ ਪੰਜਾਬ ਦੇ ਸਮਾਜਿਕ ਅਤੇ ਧਾਰਮਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਪੱਖ ਤੋਂ ਪੰਜਾਬ ਦੇ ਲੋਕਾਂ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ। ਆਪਣੇ ਚੰਗੇਰੇ ਭਵਿੱਖ ਲਈ ਪੰਜਾਬੀਆਂ ਨੂੰ ਇਹ ਫੈਸਲਾ ਕਰਨਾ ਹੋਵੇਗਾ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਪੱਤਰਕਾਰਤਾ ਦੀ ਜ਼ਰੂਰਤ ਹੈ। ਨਫ਼ਰਤ ਫੈਲਾਉਣ ਅਤੇ ਵੰਡੀਆਂ ਪਾਉਣ ਵਾਲੀ ਪੱਤਰਕਾਰਤਾ ਨੂੰ ਪੰਜਾਬੀਆਂ ਨੇ ਕਦੇ ਪਸੰਦ ਨਹੀਂ ਕੀਤਾ ਹੈ। ਨਵੇਂ ਹਾਲਾਤਾਂ ਵਿੱਚ ਸਾਡੀ ਇਹ ਜਰੂਰਤ ਬਣ ਗਈ ਹੈ ਕਿ ਅਸੀਂ ਬੇਲੋੜੇ ਵਿਵਾਦਾਂ ਤੋਂ ਉਪਰ ਉੱਠ ਕੇ ਇੱਕ ਦੂਸਰੇ ਨੂੰ ਸਮਝਣ ਦਾ ਯਤਨ ਕਰੀਏ। ਸਾਨੂੰ ਇਸ ਗੱਲੋਂ ਵੀ ਸੁਚੇਤ ਹੋਣਾ ਪਵੇਗਾ ਕਿ ਸਾਡੀ ਇਸ ਬੇਲੋੜੀ ਲੜਾਈ ਦਾ ਲਾਭ ਕੁਝ ਸਵਾਰਥੀ ਤੱਥ ਨਾ ਲੈਣ ਜਾਣ। ਸਮਾਜ ਅਤੇ ਧਰਮ ਦੀ ਸਦਭਾਵਨਾ ਸਾਡੀ ਪਹਿਲੀ ਜ਼ਰੂਰਤ ਹੈ। ਇਸ ਦੇ ਵਿਰੋਧ ਵਿੱਚ ਖੜਨ ਵਾਲੀ ਪੱਤਰਕਾਰਤਾ ਸਾਡਾ ਭਲਾ ਨਹੀਂ ਕਰ ਸਕਦੀ। ਉਂਝ ਵੀ ਪੱਤਰਕਾਰਤਾ ਦਾ ਮਕਸਦ ਲੋਕਾਂ ਨੂੰ ਗੁੰਮਰਾਹ ਕਰਨਾ ਨਹੀਂ ਹੁੰਦਾ। ਪੱਤਰਕਾਰਤਾ ਹਮੇਸ਼ਾਂ ਸਹੀ, ਸੰਤੁਲਿਤ ਅਤੇ ਨਿਰਪੱਖਤਾ ਨਾਲ ਆਪਣੀ ਭੂਮਿਕਾ ਅਦਾ ਕਰਦੀ ਹੈ। ਤੱਥਾਂ ਨੂੰ ਤਰੋੜਨਾ ਅਤੇ ਲੋਕਾਂ ਦੇ ਨਿੱਜੀ ਜੀਵਨ ਉਪਰ ਬੇਲੋੜੀਆਂ ਟਿੱਪਣੀਆਂ ਕਰਨਾ ਪੱਤਰਕਾਰਤਾ ਦਾ ਕਾਰਜ ਖੇਤਰ ਨਹੀਂ ਹੈ। ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀ ਦੀ ਪੱਤਰਕਾਰਤਾ ਦਾ ਕੁਝ ਹਿੱਸਾ ਸਤਿਕਾਰਯੋਗ ਸਖਸ਼ੀਅਤਾਂ ਅਤੇ ਸਮਾਜ ਦੀਆਂ ਸਥਾਪਿਤ ਸੰਸਥਾਵਾਂ ਖਿਲਾਫ ਊਲ ਜਲੂਲ ਰਿਪੋਰਟਾਂ ਛਾਪਣ ਨੂੰ ਹੀ ਪੱਤਰਕਾਰੀ ਸਮਝ ਬੈਠਾ ਹੈ। ਅਜਿਹੀ ਕਾਲੀ ਪੀਲੀ ਪੱਤਰਕਾਰਤਾ ਦਾ ਮਕਸਦ ਲੋਕਾਂ ਨੂੰ ਆਰਥਿਕ ਹਿੱਤਾਂ ਲਈ ਬਲੈਕਮੇਲ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ। ਇਸ ਵਰਤਾਰੇ ਨੂੰ ਹਰ ਹਾਲਤ ਰੋਕਿਆ ਜਾਣਾ ਚਾਹੀਦਾ ਹੈ। ਕਿਸੇ ਵੀ ਸਖ਼ਸ਼ ਨੂੰ ਇਸ ਗੱਲ ਦਾ ਹੱਕ ਨਹੀਂ ਕਿ ਉਹ ਪੱਤਰਕਾਰਤਾ ਨੂੰ ਇੱਕ ਗਲੀਜ਼ ਧੰਦੇ ਵਿੱਚ ਬਦਲ ਦੇਵੇ। ਪੰਜਾਬੀਆਂ ਨੂੰ ਅਜਿਹੇ ਸੰਚਾਰ ਮਧਿਅਮਾਂ 'ਤੇ ਨਜ਼ਰ ਰੱਖਣੀ ਪਵੇਗੀ ਜਿਹੜੇ ਜਬਰੀ ਉਗਰਾਹੀ ਲਈ ਹੀ ਧਾਰਮਿਕ ਅਤੇ ਸਿਆਸੀ ਹਸਤੀਆਂ ਖਿਲਾਫ਼ ਮਾਣ ਹਾਨੀ ਵਾਲੀਆਂ ਲਿਖਤਾਂ ਛਾਪਦੇ ਹਨ। ਪੱਤਰਕਾਰਤਾ ਦੇ ਇਸ ਮਾਫੀਏ ਨੂੰ ਜ਼ਹਿਰ ਫੈਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪੱਤਰਕਾਰ ਜਾਂ ਸੰਪਾਦਕ ਰੱਬ ਨਹੀਂ ਹਨ ਕਿ ਉਨ੍ਹਾਂ ਦੀ ਕਹੀ/ਲਿਖੀ ਹਰ ਗੱਲ ਨੂੰ ਇਲਹਾਮ ਮੰਨ ਲਿਆ ਜਾਵੇ। ਲੋਕ ਹਮੇਸ਼ਾਂ ਲਿਖਤਾਂ ਦੇ ਦੋਵਾਂ ਪੱਖਾਂ ਨੂੰ ਵਿਚਾਰਨ ਪਿੱਛੋਂ ਹੀ ਵਿਸ਼ਵਾਸ ਕਰਦੇ ਹਨ। ਝੂਠ ਦੇ ਜੇਕਰ ਪੈਰ ਵੀ ਨਾ ਹੋਣ ਤਾਂ ਉਸ ਉੱਤੇ ਕੌਣ ਯਕੀਨ ਕਰੇਗਾ? ਕੋਈ ਸੰਚਾਰ ਮਾਧਿਅਮ ਅਜਿਹੀ ਵਾਧੂ ਅਤੇ ਦੁਰਗੰਧ ਭਰੀ ਪੱਤਰਕਾਰਤਾ ਕਰਦਾ ਹੈ ਤਾਂ ਉਸ ਦਾ ਸਮਾਜਿਕ ਬਾਈਕਾਟ ਹੋਣਾ ਚਾਹੀਦਾ ਹੈ। ਸਾਨੂੰ ਅਜਿਹੀ ਪੱਤਰਕਾਰਤਾ ਦੀ ਜ਼ਰੂਰਤ ਹੈ ਜਿਹੜੀ ਪੰਜਾਬੀ ਸਮਾਜ ਦੇ ਵਰਤਮਾਨ ਅਤੇ ਭਵਿੱਖ ਨੂੰ ਮਹਿਕ ਨਾਲ ਭਰ ਦੇਵੇ।

ਕੁਝ ਗੱਲਾਂ ਪੰਜਾਬੀ ਦੇ ਵਿਦਵਾਨਾਂ ਨਾਲ

ਮੈਂ ਦੱਸਵੀਂ ਜਮਾਤ ਤੱਕ ਪੰਜਾਬੀ ਪੜ੍ਹੀ ਹੈ ਤੇ ਨਾਲ-ਨਾਲ ਅੰਗਰੇਜ਼ੀ ਵੀ। ਦੱਸਵੀਂ ਜਮਾਤ ਤੋਂ ਬਾਅਦ ਦੱਸ ਸਾਲ ਹੋਰ ਯਾਨੀ ਡਾਕਟਰੀ ਵਿਸ਼ੇ ਵਿੱਚ ਮਾਹਿਰ ਹੋਣ ਲਈ ਸਿਰਫ਼ ਅੰਗਰੇਜ਼ੀ ਜ਼ਬਾਨ ਹੀ ਪੜ੍ਹਦੀ ਰਹੀਂ ਹਾਂ ਤੇ ਨਵੀਆਂ ਖੋਜਾਂ ਵਾਸਤੇ ਹੁਣ ਵੀ ਅੰਗਰੇਜ਼ੀ ਜ਼ੁਬਾਨ ਹੀ ਪੜ੍ਹਨੀ ਪੈਂਦੀ ਹੈ। ਇਸ ਲਈ ਪੰਜਾਬੀ ਜ਼ੁਬਾਨ ਵੱਲੋਂ ਤਾਂ ਮੈਂ ਅੱਧਪੜ੍ਹ ਹੀ ਗਿਣੀ ਜਾ ਸਕਦੀ ਹਾਂ। ਫੇਰ ਵੀ ਮੈਂ ਪੰਜਾਬੀ ਦੇ ਵਿਦਵਾਨਾਂ ਨਾਲ ਗੱਲ ਕਰਨ ਦਾ ਹੀਆ ਕਰਨ ਲੱਗੀ ਹਾਂ ਕਿਉਂਕਿ ਅੰਤਰ ਰਾਸ਼ਟਰੀ ਪੱਧਰ 'ਤੇ ਬੱਚਿਆਂ ਬਾਰੇ ਹੁੰਦੀਆਂ ਖੋਜਾਂ ਵਿੱਚ ਮੇਰੇ ਅੰਗਰੇਜ਼ੀ ਵਿੱਚ ਲਿਖੇ ਖੋਜ ਪੱਤਰ ਪੜ੍ਹੇ ਜਾ ਚੁੱਕੇ ਹਨ ਤੇ ਮੈਂ ਵੀ ਅਜਿਹੀਆਂ ਕਾਨਫਰੰਸਾਂ ਵਿੱਚੋਂ ਬਹੁਤ ਕੁੱਝ ਸਿੱਖਿਆ ਹੈ। ਇੱਕ ਅਜਿਹਾ ਹੀ ਖੋਜ ਪੱਤਰ ਜਿਸ ਨੇ ਮੈਨੂੰ ਹਲੂਣਿਆ ਸੀ, ਮੈਂ ਪੰਜਾਬੀ ਦੇ ਵਿਦਵਾਨਾਂ ਨਾਲ ਸਾਂਝਾਂ ਕਰਨਾ ਚਾਹਾਂਗੀ। ਉਹ ਖੋਜ ਪੱਤਰ ਸੀ "ਭਾਸ਼ਾ ਨੂੰ ਜ਼ਿੰਦਾ ਰੱਖਣ ਵਿੱਚ ਬੱਚਿਆਂ ਦੀ ਮਹੱਤਤਾ।" ਇੱਕ ਬਜ਼ੁਰਗ ਫਰਾਂਸੀਸੀ ਡਾਕਟਰ ਵੱਲੋਂ ਪੱਤਰ ਪੜ੍ਹਿਆ ਗਿਆ ਸੀ ਤੇ ਪੰਜਾਬੀ ਡਾਕਟਰ ਸਨ, ਉਹ ਵੀ ਸ਼ਾਨਦਾਰ ਪੰਜਾਬੀ ਬੋਲਣ ਲੱਗ ਪਏ ਸਨ। ਅਸਰ ਭਾਵੇਂ ਬਹੁਤਿਆਂ ਉੱਤੇ ਤਿੰਨ ਦਿਨਾਂ ਕਾਨਫ਼ਰੰਸ ਤੱਕ ਹੀ ਸੀਮਤ ਰਿਹਾ ਹੋਵੇ, ਪਰ ਮੇਰੇ 'ਤੇ ਤਾਂ ਸਦੀਵੀ ਛਾਪ ਛੱਡ ਗਿਆ।

ਉਸੇ ਵਿੱਚੋਂ ਸਿੱਖੇ ਕੁੱਝ ਹਿੱਸੇ ਮੈਂ ਪੰਜਾਬੀ ਵਿਦਵਾਨਾਂ ਨਾਲ ਸਾਂਝੇ ਕਰਨ ਲੱਗੀ ਹਾਂ।

ਜਿਹੜਾ ਵੀ ਸਾਹਿਤ ਸਾਡੇ ਸਤਿਕਾਰਤ ਤੇ ਪੰਜਾਬੀ ਦੇ ਸਿਰਕੱਢ ਵਿਦਵਾਨ ਰਚ ਰਹੇ ਹਨ, ਉਹ ਕਿਸ ਪੀੜ੍ਹੀ ਲਈ ਰਚ ਰਹੇ ਹਨ? ਕੀ ਇਹ ਉਹ ਪੀੜ੍ਹੀ ਤਾਂ ਨਹੀਂ, ਜਿਸ ਨੇ ਇਹ ਸਾਹਿਤ ਆਪਣੇ ਅੰਦਰ ਸਮੋ ਕੇ ਆਪ ਦਫ਼ਨ ਹੋ ਜਾਣਾ ਹੈ? ਕੀ ਇਹ ਸਾਹਿਤ ਪਿੰਡਾਂ ਦੀਆਂ ਸੱਥਾਂ ਵਿੱਚ ਤਾਂ ਨਹੀਂ ਸੀਮਤ ਹੋ ਕੇ ਰਹਿ ਜਾਣਾ। ? ਕੀ ਪੰਜਾਬੀ ਦੇ ਸਾਹਿਤਕਾਰ ਦੂਜੇ ਪੰਜਾਬੀ ਦੇ ਸਾਹਿਤਕਾਰਾਂ ਲਈ ਹੀ ਸਾਹਿਤ ਰਚ ਰਹੇ ਹਨ ਤੇ ਆਪਸ ਵਿੱਚ ਹੀ ਸਲਾਹੁਤਾਂ ਲੈਣ ਲਈ ਬੰਦ ਕਮਰਿਆਂ ਵਿੱਚ ਇੱਕ ਦੂਜੇ ਨੂੰ ਕਵਿਤਾਵਾਂ ਤਾਂ ਨਹੀਂ ਸੁਣਾ ਰਹੇ? ਕੀ ਕੋਈ ਕਾਨਵੈਂਟ ਸਕੂਲ ਵਿੱਚ ਪੜ੍ਹਦਾ ਜਵਾਨ ਪੰਜਾਬੀ ਬੱਚਾ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਪ੍ਰਭਾਵਿਤ ਹੋ ਕੇ ਕਦੀ ਉਨ੍ਹਾਂ ਦੀਆਂ ਮਹਿਫਿਲਾਂ ਵਿੱਚ ਸ਼ਾਮਿਲ ਹੋਇਆ ਹੈ?

ਐਸ ਵੇਲੇ ਪੰਜਾਬ ਵਿੱਚ ਅੰਗਰੇਜ਼ੀ ਮਾਧਿਅਮ ਸਕੂਲ ਪੰਜਾਬੀ ਮਾਧਿਅਮ ਸਕੂਲਾਂ ਨਾਲੋਂ ਕਿਤੇ ਵੱਧ ਹਨ ਤੇ ਸ਼ਹਿਰੀ ਖੇਤਰ ਵਿੱਚ ਤਾਂ ਪੰਜਾਬੀ ਮਾਧਿਅਮ ਸਕੂਲ ਮਿਲਦਾ ਹੀ ਨਹੀਂ। ਇਨ੍ਹਾਂ ਸਕੂਲਾਂ ਵਿੱਚੋਂ ਨਿਕਲੇ ਬੱਚੇ ਦੂਜੇ ਰਾਜਾਂ ਵਿੱਚ ਵੀ ਕੰਮ ਕਰਨ ਜਾਣਗੇ। ਕੁੱਝ ਅਧਿਆਪਕ, ਡਾਕਟਰ, ਇੰਜੀਨੀਅਰ ਜਾਂ ਆਈ. ਏ. ਐਸ. ਬਣਨਗੇ ਅਤੇ ਕੁੱਝ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਆਪਣੇ ਕੰਮ ਦੀ ਮੁਹਾਰਤ ਕਾਰਣ ਪਹੁੰਚਣਗੇ। ਵਤਨੋਂ ਪਾਰ ਵੱਸਣ ਵਾਲੇ ਵੀ ਇਨ੍ਹਾਂ ਵਿੱਚੋਂ ਬਥੇਰੇ ਹੋਣਗੇ।

ਹੁਣ ਸਵਾਲ ਇਹ ਉੱਠਦਾ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਪੰਜਾਬੀ ਬੱਚੇ ਪੰਜਾਬੀ ਸਾਹਿਤ ਵੱਲ ਕੀਲੇ ਗਏ ਹਨ ਤੇ ਕਿੰਨੇ ਪੰਜਾਬੀ ਜ਼ੁਬਾਨ ਦੇ ਪਿਆਰ ਸਦਕਾ ਉਸ ਨੂੰ ਸਦੀਵੀ ਤੌਰ 'ਤੇ ਪੰਜਾਬ ਤੋਂ ਬਾਹਰ ਵੀ ਅਪਨਾਉਣਗੇ ਤੇ ਅੱਗੋਂ ਆਪਣੇ ਬੱਚਿਆਂ ਨੂੰ ਵੀ ਪੜ੍ਹਾਉਣਾ ਚਾਹੁਣਗੇ? ਇਨ੍ਹਾਂ ਵਿੱਚੋਂ ਕਿੰਨੇ ਬੱਚਿਆਂ ਦੀ ਪੰਜਾਬੀ ਸੱਭਿਆਚਾਰ ਨਾਲ ਸੰਪੂਰਨ ਵਾਕਫ਼ੀਅਤ ਹੋਈ ਹੈ ਤਾਂ ਜੋ ਅਗਲੀ ਪੁਸ਼ਤ ਤੱਕ ਇਸ ਸਭਿਅਤਾ ਦਾ ਘੇਰਾ ਸੁੰਗੜੇ ਬਗ਼ੈਰ ਪਹੁੰਚ ਸਕੇ?

ਡਾ. ਹਰਸ਼ਿੰਦਰ ਕੌਰ ਐਮ.ਡੀ.

ਇੱਕ ਸਵਾਲ ਹੋਰ ਉੱਠਦਾ ਹੈ ਕਿ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਪੜ੍ਹ ਰਹੇ ਬੱਚੇ ਪੰਜਾਬੀ ਜ਼ੁਬਾਨ ਪ੍ਰਤੀ ਮੋਹ ਉੱਕਾ ਹੀ ਕਿਉਂ ਨਹੀਂ ਪਾਲ ਰਹੇ?

ਜਦੋਂ ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦੀ ਸੀ ਤਾਂ ਸਾਡੀ ਅੰਗਰੇਜ਼ੀ ਪੜ੍ਹਾਉਣ ਵਾਲੀ ਅਧਿਆਪਿਕਾ ਕਦੇ ਬਾਈਬਲ ਵਿੱਚੋਂ ਕਹਾਣੀਆਂ ਸੁਣਾਉਂਦੀ ਸੀ ਤੇ ਕਦੇ 'ਕਲਾਸਿਕ' ਅੰਗਰੇਜ਼ੀ ਨਾਵਲਾਂ ਵਿੱਚੋਂ ਪੜ੍ਹ ਕੇ ਸਾਨੂੰ ਉਸ ਦਾ ਅਰਥ ਸਮਝਾਉਂਦੀ ਤੇ ਰੋਜ਼ ਕਲਾਸ ਮੁੱਕਣ ਤੋਂ ਪਹਿਲਾਂ ਉਸ ਨਾਵਲ ਬਾਰੇ ਅੱਗੇ ਦੱਸਦੀ ਰਹਿੰਦੀ। ਫੇਰ ਉਹ ਕਿਸੇ ਐਸੇ ਮੋੜ 'ਤੇ ਲਿਆ ਕੇ ਕਹਾਣੀ ਛੱਡ ਦਿੰਦੀ ਕਿ ਸਭ ਅੱਗੇ ਜਾਣਨ ਨੂੰ ਉਤਾਵਲੇ ਹੋ ਜਾਂਦੇ। ਉਸ ਤੋਂ ਬਾਅਦ ਉਹ ਕਹਿੰਦੀ, "ਹੁਣ ਬਾਕੀ ਦਾ ਨਾਵਲ ਤੁਸੀਂ ਘਰੋਂ ਪੜ੍ਹ ਕੇ ਆਇਓ ਫੇਰ ਆਪਾਂ ਕਹਾਣੀ ਅੱਗੇ ਤੋਰਾਂਗੇ।" ਨਤੀਜੇ ਵਜੋਂ ਹਰ ਬੱਚਾ ਜ਼ਬਰਦਸਤੀ ਘਰ ਵਾਲਿਆਂ ਤੋਂ ਅੰਗਰੇਜ਼ੀ ਨਾਵਲ ਖਰੀਦਣ ਦੀ ਜ਼ਿੱਦ ਕਰਦਾ ਤੇ ਸਾਰੇ ਹੀ ਬੱਚੇ ਬਾਈਬਲ ਵੱਲ ਵੀ ਖਿੱਚੇ ਗਏ।

ਦੂਜੇ ਪਾਸੇ ਸਾਡੀ ਪੰਜਾਬੀ ਦੀ ਅਧਿਆਪਿਕਾ ਸਾਨੂੰ ਕਿਤਾਬ ਖੁੱਲਵਾ ਕੇ ਆਪੇ ਪੜ੍ਹਨ ਨੂੰ ਕਹਿ ਦਿੰਦੀ ਸੀ ਤੇ ਆਪ ਕੋਈ ਕਿਤਾਬ ਜਾਂ ਅਖ਼ਬਾਰ ਪੜ੍ਹਨ ਬਹਿ ਜਾਂਦੀ। ਅਸੀਂ ਕਿਤਾਬ ਪੜ੍ਹਨ ਦੀ ਬਜਾਏ ਕਾਗਜ਼ 'ਤੇ ਲਿਖ ਕੇ ਖੇਡ ਖੇਡਣ ਬਹਿ ਜਾਂਦੇ ਜਾਂ ਕੋਈ ਅੰਗਰੇਜ਼ੀ ਦਾ ਨਾਵਲ ਪੜ੍ਹਨ ਲੱਗ ਪੈਂਦੇ।

ਨਤੀਜੇ ਵਜੋਂ ਮੇਰੀ ਉਮਰ ਉਸ ਕਾਲਜ ਦੀਆਂ ਸਾਥਣਾਂ ਵਿੱਚੋਂ ਜਿੰਨੀਆਂ ਨਾਲ ਵੀ ਅਜੇ ਮੇਰਾ ਰਾਬਤਾ ਕਾਇਮ ਹੈ, ਉਨ੍ਹਾਂ ਵਿੱਚੋਂ ਇੱਕ ਵੀ ਪੰਜਾਬੀ ਜ਼ੁਬਾਨ ਨਾਲ ਨਹੀਂ ਜੁੜੀ ਹੋਈ ਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਤਾਂ ਆਪਣੇ ਬੱਚਿਆਂ ਨੂੰ ਸੰਪੂਰਨ ਅੰਗਰੇਜ਼ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੋਈ ਹੈ। ਇੱਕ ਨੇ ਤਾਂ ਅੰਗਰੇਜ਼ੀ ਵਿੱਚ ਨਾਵਲ ਵੀ ਲਿਖੇ ਹਨ ਤੇ ਦੋ ਤਿੰਨ ਅਮਰੀਕਾ ਵਿੱਚ ਆਪਣੇ ਟੱਬਰਾਂ ਨਾਲ ਰਹਿ ਰਹੀਆਂ ਹਨ ਤੇ ਪੰਜਾਬੀ ਸੱਭਿਆਚਾਰ ਨੂੰ ਤਿਆਗ ਚੁੱਕੀਆਂ ਹਨ।

ਇਹ ਤਾਂ ਹੋਈ ਮੇਰੇ ਬਚਪਨ ਦੀ ਗੱਲ। ਜਦੋਂ ਮੇਰੀ ਬੇਟੀ ਪੰਜਵੀਂ ਜਮਾਤ ਵਿੱਚ ਸੀ ਤਾਂ ਮੈਂ ਉਸ ਨੂੰ ਪੁੱਛਿਆ ਕਿ ਕਿਹੜੀ ਕਲਾਸ ਉਸ ਨੂੰ ਵਧੀਆ ਲੱਗਦੀ ਹੈ, ਤਾਂ ਉਸ ਦਾ ਜਵਾਬ ਸੀ, "ਅੰਗਰੇਜ਼ੀ ਦੀ।" ਕਾਰਣ ਪੁੱਛਣ 'ਤੇ ਇੰਝ ਜਾਪਿਆ ਜਿਵੇਂ ਏਨੇ ਵਰ੍ਹਿਆਂ ਵਿੱਚ ਉੱਕਾ ਹੀ ਕੋਈ ਫ਼ਰਕ ਨਾ ਪਿਆ ਹੋਵੇ ਕਿਉਂਕਿ ਉਸ ਨੇ ਉਹੀ ਕਹਾਣੀ ਦੁਹਰਾ ਦਿੱਤੀ ਜੋ ਮੇਰੇ ਨਾਲ ਵਾਪਰੀ ਸੀ। ਉਸ ਦੀ ਅੰਗਰੇਜ਼ੀ ਦੀ ਅਧਿਆਪਿਕਾ ਉਨ੍ਹਾਂ ਨੂੰ ਵੱਖ-ਵੱਖ ਸ਼ਖ਼ਸ਼ੀਅਤਾਂ ਦੇ ਨਾਵਲ ਤੇ ਅੰਗਰੇਜ਼ੀ ਸਾਹਿਤ ਪੜ੍ਹਨ ਵੱਲ ਪ੍ਰੇਰਦੀ ਹੈ ਜਦ ਕਿ ਪੰਜਾਬੀ ਦੀ ਅਧਿਆਪਿਕਾ ਕਿਸੇ ਵੀ ਪੰਜਾਬੀ ਸਾਹਿਤਕਾਰ ਜਾਂ ਉੱਚ ਕੋਟੀ ਦੇ ਪੰਜਾਬੀ ਨਾਵਲਾਂ ਨੂੰ ਪੜ੍ਹਨ ਬਾਰੇ ਉਤਸਾਹਿਤ ਨਹੀਂ ਕਰਦੀ। ਮੇਰੀ ਬਹੁਤ ਕੋਸ਼ਿਸ਼ ਕਰਨ ਦੇ ਬਾਅਦ ਮੇਰੀ ਬੇਟੀ ਪੰਜਾਬੀ ਦੀਆਂ ਕੁੱਝ ਕਹਾਣੀਆਂ ਪੜ੍ਹਨ ਲੱਗੀ ਤੇ ਮੈਂ ਉਸ ਨੂੰ ਪ੍ਰੇਰਿਆ ਕਿ ਬਾਕੀ ਸਹੇਲੀਆਂ ਨੂੰ ਵੀ ਪ੍ਰੇਰਿਤ ਕਰੇ। ਚੌਥੇ ਕੁ ਦਿਨ ਸਕੂਲੋਂ ਵਾਪਿਸ ਆ ਕੇ ਮੇਰੀ ਬੇਟੀ ਸੁਖਮਨੀ ਰੋਣ ਲੱਗ ਪਈ। ਕਾਰਣ ਪੁੱਛਣ 'ਤੇ ਕਹਿਣ ਲੱਗੀ, "ਮੇਰੀਆਂ ਸਹੇਲੀਆਂ ਕਹਿੰਦੀਆਂ ਨੇ, ਅਨਪੜ੍ਹ ਲੋਕ ਜਾਂ ਪੇਂਡੂ ਲੋਕ ਹੀ ਪੰਜਾਬੀ ਪੜ੍ਹਦੇ ਹਨ। ਉਨ੍ਹਾਂ ਨੇ ਮੇਰੀ ਬਹੁਤ ਖਿੱਲੀ ਉਡਾਈ। ਤੁਸੀਂ ਵੀ ਪੰਜਾਬੀ ਵਿੱਚ ਨਾ ਲਿਖਿਆ ਕਰੋ ਤੇ ਮੈਨੂੰ ਵੀ ਸਿਰਫ਼ ਅੰਗਰੇਜ਼ੀ ਨਾਵਲ ਹੀ ਪੜ੍ਹਨ ਦਿਉ।"

ਕੀ ਹੁਣ ਕੋਈ ਪੰਜਾਬੀ ਵਿਦਵਾਨ ਮੈਨੂੰ ਦੱਸੇਗਾ ਕਿ ਇਹ ਪੰਜਾਬੀ ਜ਼ੁਬਾਨ ਦੇ ਖ਼ਾਤਮੇ ਵੱਲ ਜਾਂਦੇ ਕਦਮ ਹਨ ਕਿ ਨਹੀਂ?

ਜੇ ਕੋਈ ਤਕਨੀਕੀ ਵਿੱਦਿਆ ਦਾ ਮਾਹਿਰ ਪੰਜਾਬੀ ਜ਼ੁਬਾਨ ਵਿੱਚ ਆਪਣੀ ਵਿੱਦਿਆ ਬਾਰੇ ਲਿਖਣ ਦਾ ਹੀਆ ਕਰਦਾ ਹੈ ਤਾਂ ਪੰਜਾਬੀ ਜ਼ੁਬਾਨ ਦੇ ਮਾਹਿਰ ਟੁੱਟ ਕੇ ਉਸ ਉੱਤੇ ਪੈ ਜਾਂਦੇ ਹਨ ਤੇ ਉਸ ਦੀਆਂ ਗਲਤੀਆਂ ਕੱਢ ਦੇ ਖਿੱਲੀ ਉਡਾਉਣੀ ਸ਼ੁਰੂ ਕਰ ਦਿੰਦੇ ਬਨ। ਇਹ ਕਿਉਂ ਨਹੀਂ ਸੋਚਿਆ ਜਾਂਦਾ ਕਿ ਤਕਨੀਕੀ ਮਾਹਿਰ ਪੰਜਾਬੀ ਜ਼ੁਬਾਨ ਦਾ ਮਾਹਿਰ ਨਹੀਂ ਹੈ, ਇਸ ਲਈ ਉਸ ਨੂੰ ਹੱਲਾ-ਸ਼ੇਰੀ ਦੇਣੀ ਬਣਦੀ ਹੈ ਤਾਂ ਜੋ ਉਹ ਹੋਰ ਮਿਹਨਤ ਕਰਕੇ ਵਧੀਆ ਲਿਖ ਸਕੇ ਤੇ ਪੰਜਾਬੀ ਜ਼ੁਬਾਨ ਨੂੰ ਨਰੋਏ ਸਾਹਿਤ ਨਾਲ ਭਰਪੂਰ ਕਰ ਸਕੇ ਅਤੇ ਆਪਣੀ ਵਿੱਦਿਆ ਵਿਚਲੀਆਂ ਨਵੀਆਂ ਖੋਜਾਂ ਬਾਰੇ ਪੰਜਾਬੀਆਂ ਨੂੰ ਜਾਗਰੂਕ ਕਰ ਸਕੇ।

ਮੈਂ ਕੁੱਝ ਪੰਜਾਬੀ ਤਕਨੀਕੀ ਮਾਹਿਰਾਂ ਨੂੰ ਜਾਣਦੀ ਹਾਂ ਕਿ ਜਿਨ੍ਹਾਂ ਨੇ ਹਿੰਮਤ ਕਰਕੇ ਆਪਣੇ ਕਿੱਤੇ ਬਾਰੇ ਪੰਜਾਬੀ ਵਿੱਚ ਲਿਖਣਾ ਚਾਹਿਆ ਪਰ ਨੁਕਤਾਚੀਨੀ ਸਦਕਾ ਹਮੇਸ਼ਾਂ ਲਈ ਪੰਜਾਬੀ ਜ਼ੁਬਾਨ ਤੋਂ ਕਿਨਾਰਾ ਕਰ ਚੁੱਕੇ ਹਨ ਅਤੇ ਉਨ੍ਹਾਂ ਦਾ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਵੱਲ ਪ੍ਰੇਰਿਤ ਕਰਨ ਦਾ ਸਵਾਲ ਹੀ ਨਹੀਂ

☛ ਬਾਕੀ ਸਫ਼ਾ II 'ਤੇ

ਬੱਚਿਆਂ ਦੇ ਮਨੋ-ਵਿਗਿਆਨ ਵਿੱਚ ਉਹ ਬੜਾ ਨਿੱਠ ਕੇ ਕੰਮ ਕਰ ਰਿਹਾ ਸੀ। ਪਹਿਲੀ ਵਾਰ ਹਿੰਦੁਸਤਾਨ ਵਿੱਚ ਬੰਬਈ ਵਿੱਚ ਇੱਕ ਅੰਤਰ-ਰਾਸ਼ਟਰੀ ਕਾਨਫਰੰਸ 'ਤੇ ਉਹ ਬੋਲਣ ਆਇਆ ਸੀ। ਇਹ ਵਿਸ਼ਾ ਏਨਾ ਦਿਲ ਖਿੱਚਵਾਂ ਨਹੀਂ ਸੀ। ਇਸ ਲਈ ਸ਼ੁਰੂ ਵਿੱਚ ਤਾਂ ਹਾਲ ਲੱਗਭੱਗ ਖਾਲੀ ਸੀ ਕਿਉਂਕਿ ਡਾਕਟਰਾਂ ਨੂੰ ਤਾਂ ਬੀਮਾਰੀਆਂ ਤੇ ਦਵਾਈਆਂ ਦੀਆਂ ਨਵੀਆਂ ਖੋਜਾਂ ਵਿੱਚ ਹੀ ਦਿਲਚਸਪੀ ਹੁੰਦੀ ਹੈ।

ਉਸ ਦੇ ਲੈਕਚਰ ਦੇਣ ਦਾ ਤਰੀਕਾ ਏਨਾ ਵਧੀਆ ਸੀ ਕਿ ਹੌਲੀ-ਹੌਲੀ ਹਾਲ ਭਰਨਾ ਸ਼ੁਰੂ ਹੋ ਗਿਆ ਤੇ ਲੈਕਚਰ ਖ਼ਤਮ ਹੋਣ ਤੱਕ ਹਾਲ ਖਚਾਖਚ ਭਰਿਆ ਪਿਆ ਸੀ। ਪੌਣੇ ਦੋ ਲੈਕਚਰ ਤੋਂ ਬਾਅਦ ਹਰ ਡਾਕਟਰ ਕੀਲਿਆ ਗਿਆ ਸੀ। ਫ਼ਰਕ ਏਨਾ ਪਿਆ ਕਿ ਲੈਕਚਰ ਤੋਂ ਪਹਿਲਾਂ ਜਿਹੜੇ ਡਾਕਟਰ ਫਰਾਟੇਦਾਰ ਅੰਗਰੇਜ਼ੀ ਬੋਲ ਰਹੇ ਸਨ, ਉਹ ਸਾਰੇ ਹਿੰਦੀ ਜਾਂ ਬੰਬਈਆਂ ਜ਼ੁਬਾਨ ਬੋਲਣ ਲੱਗ ਪਏ ਸਨ। ਜਿਹੜੇ ਕੁੱਝ

'ਸੰਭਲੋ ਪੰਜਾਬ' ਪਾਠਕਾਂ ਦੇ ਸਨਮੁੱਖ

ਸ. ਤੂਰ ਦੀ ਕਿਤਾਬ 'ਸੰਭਲੋ ਪੰਜਾਬ' ਸਾਡੇ ਸੂਬੇ ਦੇ ਮੌਜੂਦਾ ਹਾਲਾਤਾਂ ਦੇ ਸੰਦਰਭ ਵਿੱਚ ਬੇਹੱਦ ਅਹਿਮ ਹੈ। ਇਸ ਕਿਤਾਬ ਦੀ ਅਹਿਮੀਅਤ ਨੂੰ ਸਮਝਦੇ ਹੋਏ ਹੀ 'ਅਦਾਰਾ ਅੱਜ ਦੀ ਆਵਾਜ਼' ਵੱਲੋਂ ਇਸ ਕਿਤਾਬ ਦਾ ਲੜੀਵਾਰ ਪ੍ਰਕਾਸ਼ਨ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਕਿਤਾਬ ਦੇ ਵੱਖ ਵੱਖ ਪਾਠ 'ਅੱਜ ਦੀ ਆਵਾਜ਼' ਦੇ ਹਫ਼ਤਾਵਰੀ ਐਤਵਾਰ ਅੰਕ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ।

-ਸੰਪਾਦਕ

ਪਿਛਲੇ ਸਤਾਰਾਂ ਵਰ੍ਹਿਆਂ ਦੀ ਪੁਲਿਸ ਵਿਭਾਗ 'ਚ ਸੇਵਾ ਦੌਰਾਨ ਮੈਂ ਹਰ ਅਪਰਾਧ ਦਾ ਅਸਲ ਪਿਛੋਕੜ ਜਾਨਣ ਦਾ ਯਤਨ ਕਰਦਾ ਰਿਹਾ ਹਾਂ। ਨਸ਼ੇ, ਇਨ੍ਹਾਂ ਦੀ ਵਿਕਰੀ ਤੇ ਸੇਵਨ ਮੇਰੀ ਦਿਲਚਸਪੀ ਦਾ ਵਿਸ਼ਾ ਹਨ। ਇਸ ਨਾਲ ਮਨੁੱਖਤਾ ਦਾ ਘਾਣ ਹੁੰਦਾ ਹੈ। ਪੀੜ੍ਹੀਆਂ ਅਪਾਹਜ ਹੋ ਕੇ ਰਹਿ ਜਾਂਦੀਆਂ ਹਨ। ਨਸ਼ਿਆਂ ਲਈ ਕੀਤਾ ਗਿਆ ਜੁਰਮ ਇੱਕ ਗੰਭੀਰ ਵਿਸ਼ਾ ਹੈ। ਪ੍ਰਾਂਤ ਵਿੱਚ ਨਸ਼ਿਆਂ ਦਾ ਵਧਦਾ ਜਾ ਰਿਹਾ ਰੁਝਾਨ ਹੱਥਾਂ ਵਿੱਚੋਂ ਨਿਕਲਦਾ ਜਾ ਰਿਹਾ ਵਿਸ਼ਾ ਹੈ। ਨਸ਼ਿਆਂ ਬਾਰੇ ਇੱਕ ਦਸਤਾਵੇਜ਼ ਮੈਂ 2005 ਵਿੱਚ ਲਿਖਿਆ ਸੀ। ਨਸ਼ਿਆਂ ਦੀਆਂ ਕਿਸਮਾਂ, ਕਾਰਨ, ਵਪਾਰ, ਪ੍ਰਭਾਵ, ਰੋਕਥਾਮ ਵਿੱਚ ਅਸਫਲਤਾ ਦੇ ਕਾਰਨਾਂ ਦੀ ਛਾਣ-ਬੀਣ ਮੈਂ ਪਿਛਲੇ ਕਈ ਸਾਲਾਂ ਤੋਂ ਕਰਦਾ ਆ ਰਿਹਾ ਹਾਂ। ਇਸ ਨੂੰ ਪ੍ਰਕਾਸ਼ਿਤ ਨਹੀਂ ਕੀਤਾ ਜਾ ਸਕਿਆ। ਪੜ੍ਹਨ ਤੋਂ ਬਾਅਦ ਮੈਨੂੰ ਇਹ ਅਧੂਰਾ ਲੱਗਾ। ਮੇਰਾ ਯਤਨ ਇਸ ਬਾਰੇ ਲੋਕਾਂ ਨੂੰ ਸੁਚੇਤ ਕਰਨਾ ਸੀ। ਮੈਂ ਇਸ ਖਰੜੇ ਵਿੱਚ ਕੁਝ ਸੋਧ ਕੀਤੀ ਤੇ ਅਗਲੇ ਵਰ੍ਹੇ ਫਿਰ ਕੋਸ਼ਿਸ਼ ਕੀਤੀ। ਪਰ ਮਨ ਨੇ ਇਸ ਨੂੰ ਵੀ ਛਾਪਣ ਦੀ ਹਾਮੀ ਨਹੀਂ ਭਰੀ। ਦਰਅਸਲ ਜਿਵੇਂ ਦੂਜੀ ਮੰਜ਼ਿਲ 'ਤੇ ਪਹੁੰਚਣ ਲਈ, ਗਰਾਉਂਡ ਬਾਰੇ ਇਸ ਦਸਤਾਵੇਜ਼ ਵਿੱਚ ਵਰਨਣ ਬਹੁਤ ਜ਼ਰੂਰੀ ਸੀ। ਪੰਜਾਬ ਸਿਵਲ ਈਮਾਨਦਾਰੀ ਤੇ ਅਨੁਸ਼ਾਸ਼ਨ ਦਾ ਸੰਕੇਤ ਦਿੰਦੇ ਹਨ। ਕਾਨੂੰਨ ਅਤੇ ਨਿਯਮ ਮਨੁੱਖਤਾ ਦੀ ਸੇਵਾ ਲਈ ਹੀ ਹਨ। ਜੋ ਮਨੁੱਖਤਾ ਹੀ ਨਾ ਰਹੀ ਤਾਂ ਇਕੱਲੇ ਨਿਯਮ ਕੀ ਕਰਨਗੇ। ਜੇ ਲੋਕ ਮਰ ਰਹੇ ਹਨ ਤਾਂ ਇਸ ਬਾਰੇ ਨਿਯਮਾਂ ਅਤੇ ਕਾਨੂੰਨ ਬਾਰੇ ਸੁਚੇਤ ਕਰਨਾ ਵੀ ਲੋਕ-ਸੇਵਕ ਦੀ ਹੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਇਸ ਲਿਖਤ ਰਾਹੀਂ ਇਹ ਫਰਜ਼ ਨਿਭਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ ਜਾ ਰਿਹਾ ਹੈ।

** ਅੱਜ ਤੋਂ ਤੀਹ ਪੈਂਤੀ ਵਰ੍ਹੇ ਪਹਿਲਾਂ ਜੋ ਕੋਈ ਵਿਅਕਤੀ, ਭ੍ਰਿਸ਼ਟ ਵਿਅਕਤੀ ਅਧਿਕਾਰੀ ਨਾਲ ਗੱਲਾਂ ਗੱਲਾਂ ਕਰਦਾ ਵੇਖਿਆ ਜਾਂਦਾ ਤਾਂ ਉਸ ਦੇ ਸਾਥੀ ਉਸ ਨੂੰ ਇਸ਼ਾਰੇ ਨਾਲ ਪਾਸੇ ਬੁਲਾਉਂਦ, ਪਰਦੇ 'ਚ ਉਹ ਕਹਿੰਦੇ,"ਤੈਨੂੰ ਪਤੈ ਜਿਹੜੇ ਬੰਦੇ ਨਾਲ ਤੂੰ ਗੱਲਾਂ ਕਰਦਾ ਸੀ, ਉਹ ਬੇਈਮਾਨ ਆ'' ਉਸ ਵਿਅਕਤੀ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲ ਜਾਂਦੀ, ਸਭ ਤੋਂ ਪਾਹਲਾਂ ਉਹ ਆਸੇ-ਪਾਸੇ ਵੇਖਦਾ ਕਿੰਨੇ ਕੁ ਬੰਦਿਆਂ ਨੇ ਵੇਖਿਆ ਹੈ। ਅੱਜ ਹਾਲਾਤ ਏਨੇ ਬਦਲ ਗਏ ਹਨ ਕਿ ਲੋਕੀਂ ਮੂੰਹ 'ਤੇ ਆਖ ਦਿੰਦੇ ਹਨ, "ਕਿੰਨਾ ਬੇਵਕੂਫ਼ ਹੈ, ਅੱਜ ਵੀ ਇਮਾਨਦਾਰੀ ਈ ਆ।'' ਇਸ ਲਿਖਤ ਵਿੱਚ ਇਸ ਸਫ਼ਰ ਦਾ ਵਰਨਣ ਹੈ। ਇਸ ਸਫ਼ਰ ਵਿੱਚ ਜ਼ਖ਼ਮੀ ਹੋਏ ਅਤੇ ਮਰ ਗਏ ਵਿਅਕਤੀਆਂ ਦਾ ਜਿਕਰ ਹੈ। ਕਿਰਤੀਆਂ ਦੀਆਂ ਮਾਵਾਂ ਅਤੇ ਧਈਆਂ ਦੇ ਜੀਵਨ ਦੀ ਤਸਵੀਰ ਹੈ।*

** ਖੇਤੀ ਪੰਜਾਬ ਦੀ ਆਰਥਿਕਤਾ ਦਾ ਮੂਲ ਅਧਾਰ ਰਹੀ ਹੈ। ਪਿਛਲੀ ਸਦੀ ਦੇ ਆਖ਼ਰੀ ਦੋ ਦਹਾਕਿਆਂ ਤੋਂ ਹੀ ਇਹ ਧੰਦਾ, ਲਾਹੇਵੰਦ ਧੰਦਿਆਂ ਦੀ ਸੂਚੀ ਵਿੱਚੋਂ ਮਨਫ਼ੀ ਹੋਣਾ ਸ਼ੁਰੂ ਹੋ ਚੁੱਕਾ ਸੀ। ਇਸੇ ਸਮੇਂ ਦੌਰਾਨ ਸਰਕਾਰੀ ਨੌਕਰੀਆਂ ਲੱਗਭੱਗ ਬੰਦ ਹੋ ਗਈਆਂ। ਭ੍ਰਿਸ਼ਟਾਚਾਰ ਦਾ ਰੰਗ ਏਨਾ ਗੂੜ੍ਹਾ ਹੋ ਗਿਆ ਕਿ ਜੇ ਕੋਈ ਆਪਣਾ ਕੰਮ ਸ਼ੁਰੂ ਕਰਨ ਦਾ .ਤਨ ਕਰਦਾ ਹੈ ਤਾਂ ਇਸੇ ਰੰਗ ਦੀ ਭੇਟ ਚੜ੍ਹ ਜਾਂਦਾ ਹੈ। ਕਿਰਤ ਦਾ ਕੀ ਹਾਲ ਹੋਇਆ? ਇਸ ਲਿਖਤ ਵਿੱਚ ਇਸ ਦੇ ਕੁੱਝ ਅੰਸ਼ ਮੌਜੂਦ ਹਨ।*

☛ ਬਾਕੀ ਸਫ਼ਾ II 'ਤੇ

ਪਹਿਲੀ ਕਿਸ਼ਤ

ਪੰਜਾਬ-ਉਦੋਂ

ਗੁਰਪ੍ਰੀਤ ਸਿੰਘ ਤੂਰ
ਪੁਲਿਸ ਕਪਤਾਨ ਜਗਰਾਉਂ
ਮੋਬਾਇਲ :98158-00405

ਪੰਜਾਬ, ਦਰਿਆਵਾਂ ਦੀ ਧਰਤੀ-ਖੁੱਲ੍ਹਾ-ਡੁੱਲ੍ਹਾ ਪੌਣ-ਪਾਣੀ ਤੇ ਹੱਸਦੀ ਖੇਡਦੀ ਜੀਵਨ ਜਾਂਚ ਦਾ ਪ੍ਰਤੀਕ ਮੰਨਿਆ ਜਾਂਦਾ ਰਿਹਾ ਹੈ। ਇਹ ਗੁਰੂਆਂ, ਪੀਰਾਂ-ਫ਼ਕੀਰਾਂ ਅਤੇ ਯੋਧਿਆਂ ਦੀ ਧਰਤੀ ਹੈ। ਪੰਜਾਬ ਦੇ ਜੀਵਨ ਨੂੰ ਗੁਰੂਆਂ ਦੀ ਬਾਣੀ, ਸੂਫ਼ੀਆਂ ਦੀਆਂ ਰਚਨਾਵਾਂ ਅਤੇ ਕਿੱਸਾਕਾਰਾਂ ਦੀਆਂ ਲਿਖਤਾਂ ਦੀ ਗੁੜ੍ਹਤੀ ਪ੍ਰਾਪਤ ਹੈ। ਪਹਾੜਾਂ ਦੇ ਪੈਰਾਂ ਵਿੱਚ ਲੰਮਾ ਮੈਦਾਨੀ ਇਲਾਕਾ ਸੋਹਣਾ ਕੁਦਰਤੀ ਦ੍ਰਿਸ਼ ਕਰਦਾ ਹੈ। ਚਿੱਤਰਕਾਰ ਜਿਵੇਂ ਆਪਣੀ ਸ਼ਾਹਕਾਰ ਕਿਰਤ ਨੂੰ ਆਖ਼ਰੀ ਛੋਹ ਦੇਣ ਸਮੇਂ ਬਹੁਤ ਸ਼ਿੱਦਤ ਤੇ ਮਿਹਨਤ ਨਾਲ ਬੁਰਸ਼ ਨੂੰ ਚਲਾਉਂਦਾ ਹੈ, ਇਹੋ ਜਿਹਾ ਮਾਣ ਕੁਦਰਤ ਨੇ ਪੰਜਾਬ ਦੀ ਧਰਤੀ ਨੂੰ ਦਿੱਤਾ। ਬਦਲਦੀਆਂ ਰੁੱਤਾਂ, ਪੱਤਝੜ ਮਗਰੋਂ ਫੁੱਟਦੀਆਂ ਕਰੂੰਬਲਾਂ, ਰੁਮਕਦੀ ਪੌਣ, ਚਹਿਚਹਾਉਂਦੇ ਪੰਛੀ, ਲਹਿਰਾਉਂਦੀਆਂ ਫਸਲਾਂ, ਗੀਤ ਗਾਉਂਦੀਆਂ ਕੁੜੀਆਂ,ਕਬੱਡੀ ਖੇਡਦੇ ਮੁੰਡੇ, ਇਹ ਹੀ ਪੰਜਾਬ ਸੀ।ਪੰਜਾਬ ਇੱਕ ਸਮੇਂ ਘੁੱਗ ਵੱਸਦਾ, ਪ੍ਰਾਂਤ ਰਿਹਾ ਹੈ। ਹਰੀ ਕਰਾਂਤੀ ਨੇ ਪੰਜਾਬ ਨੂੰ ਮੇਲੇ ਵਰਗਾ ਮਾਹੌਲ ਵੀ ਦਿੱਤਾ। ਖੇਤਾਂ ਵਿੱਚ ਹਰਿਆਲੀ ਤੇ ਹਰ ਚਿਹਰੇ ਤੇ ਲਾਲੀ ਦਾ ਸੁਪਨਾ, ਬਿਜਲੀ ਵਾਂਗ ਲਿਸ਼ਕਿਆ। ਖੇਤੀ ਪੰਜਾਬ ਦਾ ਮੂਲ ਅਧਾਰ ਹੈ। ਵੱਡੇ ਤੜਕੇ ਉੱਠ ਜੋਤ ਜੋੜਨੀ ਬਲਦਾਂ ਦੀਆਂ ਟੱਲੀਆਂ ਦੀ ਟੁਣਕਾਰ, ਹਾਲ਼ੀ ਦੇ ਹੋਕੇ, ਜਦ ਦੁਨੀਆਂ ਘੂਕ ਸੁੱਤੀ ਹੁੰਦੀ ਤਾਂ ਪੰਜਾਬੀ ਕੰਮ ਲੱਗ ਜਾਂਦਾ। ਸਿਰੜ ਦੀ ਮਿਹਨਤ, ਪਹੁ ਫੁੱਟਦੇ ਨੂੰ ਇੱਕ ਜੋਤ ਘੁਮਾਂ ਥਾਂ ਵਾਹ ਦੇਂਦੀ। ਨਿਰਮਲੇ ਸਾਧੂ ਪਹੁ ਫੁੱਟਦੀ ਤੋਂ ਪਹਿਲਾਂ, ਪਿੰਡ ਵਿੱਚ ਫੇਰੀ ਪਾਉਂਦੇ,"ਨਾਮ ਜਪੁ ਲੈ ਨਿਮਾਣੀ ਜਿੰਦੇ ਮੇਰੀਏ, ਔਖੇ ਵੇਲੇ ਕੰਮ ਆਊਗਾ।" ਹਾਰਮੋਨੀਆ ਦਾ ਮਧੁਰ ਸੰਗੀਤ ਤੇ ਪੰਛੀਆਂ ਦੀ ਚਹਿਚਹਾਟ ਮੇਲ ਖਾ ਜਾਂਦੇ। ਸੁਆਣੀਆਂ ਭੱਤਾ ਲੈ ਕੇ ਜਾਂਦੀਆਂ, ਹਾਲ਼ੀ ਆਪ ਮੁਹਾਰੇ ਗਾਉਣ ਲੱਗ ਜਾਂਦੇ। ਮੁੰਡੇ ਸ਼ਾਮ ਨੂੰ ਸਕੂਲ ਚੋਂ ਖੇਡਾਂ ਖੇਡਦੇ, ਕੁੜੀਆਂ ਤੀਆਂ 'ਚ ਪੀਂਘਾਂ ਝੂਟਦੀਆਂ। ਹਰ ਤਿਉਹਾਰ ਚਾਵਾਂ ਅਤੇ ਮਲ੍ਹਾਰਾਂ ਨਾਲ ਮਨਾਇਆ ਜਾਂਦਾ। ਦੀਵਾਲੀ ਤੋਂ ਹਫ਼ਤਾ ਦਸ ਦਿਨ ਪਹਿਲਾਂ ਹੀ ਲੋਕ ਹਲਵਾਈਆਂ ਨੂੰ ਲੱਡੂਆਂ ਦੀਆਂ ਸਾਈਆਂ ਦੇ ਦਿੰਦੇ, ਲੋਹੜੀ ਤੋਂ ਪਹਿਲਾਂ ਪੂਰਾ ਪਿੰਡ ਖੁਸ਼ੀਆਂ ਦੇ ਰੰਗ ਵਿੱਚ ਰੰਗਿਆ ਜਾਂਦਾ। ਗੁੜ ਵੰਡਦੀਆਂ ਕੁੜੀਆਂ ਦਾ ਇੱਕ ਪੂਰ ਬੀਹੀ ਦਾ ਮੋੜ ਮੁੜਦਾ ਤਾਂ ਦੂਜਾ ਨਜ਼ਰੀ ਪੈ ਜਾਂਦਾ। ਪਿੰਡ ਵਿੱਚ ਮਾਘੀ ਦੇ ਮੇਲੇ ਲਈ ਚੋਬਰ ਪੱਗਾਂ ਰੰਗਾਉਂਦੇ ਤੇ ਸਿਆਣੇ ਬੰਦੇ ਪੱਗਾਂ ਨੂੰ ਮਾਵਾ ਲੁਆਉਂਦੇ।

ਤਰਖ਼ਾਣ, ਤੇਲੀ,ਪੇਂਜੇ ਤੇ ਘੁਮਿਆਰ, ਕਿਰਤ ਦੇ ਉੱਤਮ ਨਮੂਨੇ ਪੰਜਾਬੀ ਜੀਵਨ ਦੀ ਚਾਦਰ ਤੇ ਰੰਗਦਾਰ ਫੁੱਲ-ਬੂਟੀਆਂ ਪਾਉਂਦੇ ਰਹਿੰਦੇ। ਡੱਗੀ ਵੇਚਣ ਵਾਲਾ, ਸਬਜ਼ੀਆਂ ਦੀ ਫੇਰੀ ਲਾਉਣ ਵਾਲਾ, ਮਲਾਏ ਕੀ ਬਰਫ਼, ਕੱਚ ਦੀਆਂ ਬੋਤਲਾਂ ਤੇ ਸੀਮਿੰਟ ਦੀਆਂ ਖਾਲੀ ਬੋਰੀਆਂ, ਇੱਕ ਆਵਾਜ਼ ਖ਼ਤਕਮ ਹੁੰਦੀ ਤੇ ਦੂਜੀ ਪੈਦਾ ਹੋ ਜਾਂਦੀ। ਕਈ ਵਾਰ ਦੋ ਅਵਾਜ਼ਾਂ ਆਪਸ ਵਿੱਚ ਟਕਰਾ ਵੀ ਜਾਂਦੀਆਂ। ਆਟਾ ਪੀਹਣ ਵਾਲੀ ਚੱਕੀ ਦੇ ਇੰਜਣ 'ਤੇ ਲੱਗੇ ਘੁੱਗੂ ਦੀ ਅਵਾਜ਼, ਕੰਮੀ ਧੰਦੀ ਲੱਗੇ ਪਿੰਡ ਦੀ ਨਿਰੰਤਰ ਹਾਮੀ ਭਰਦੀ ਰਹਿੰਦੀ। ਆਥਣ ਵੱਲੇ ਕਪਾਹ ਚੁਗਣ ਗਈਆਂ ਚੋਗੀਆਂ ਤੇ ਮੱਝਾਂ ਚਾਰਦੇ ਵਾਗੀ ਮੁੰਡੇ, ਖੇਤਾਂ 'ਚੋਂ ਇਕੱਠੇ ਹੀ ਪਿੰਡ ਵੱਲ ਨੂੰ ਮੁੜਦੇ, ਉੱਡਦੀ ਧੂੜ ਦੂਰੋਂ ਇਹ ਕਾਫ਼ਲਾ ਜਿਹਾ ਨਜ਼ਰ ਆਉਂਦਾ।

ਮੱਝਾਂ ਛੱਪੜ ਵਿੱਚ ਵੜ ਜਾਂਦੀਆਂ, ਵਾਗੀ ਮੁੰਡੇ ਗੁੱਲੀ ਡੰਡਾ ਖੇਡਣ ਲੱਗ ਜਾਂਦੇ, ਚੋਗੀਆ ਤੇਲੂ ਬਾਣੀਏ ਦੀ ਹੱਟੀ ਤੇ ਆਪਣੀ-ਆਪਣੀ ਕਪਾਹ ਵੇਚ ਕੇ ਦਾਲ, ਲੂਣ, ਤੇਲ, ਗੁੜ ਖਰੀਦਣ ਲੱਗ ਜਾਂਦੀਆਂ। ਤੇਜ਼ ਖੜਾਕ ਹੁੰਦਾ ਤਾਂ ਛੱਪੜ ਵਿੱਚੋਂ ਮਰਗਾਬੀਆਂ ਖੇਤਾਂ ਵੱਲ ਨੂੰ ਉਡਾਰੀ ਮਾਰ ਜਾਂਦੀਆਂ ਤੇ ਬੱਤਖਾਂ ਦਾ ਜੋੜਾ ਕੰਢੇ ਵੱਲ ਨੂੰ ਮੁੜ ਆਉਂਦਾ। ਹਵਾ ਦੇ ਬੁੱਲ੍ਹੇ, ਥੱਕੇ ਟੁੱਟੇ ਲੋਕਾਂ ਨੂੰ ਜਲਦੀ ਹੀ ਸੰਵਾ ਦਿੰਦੇ, ਔਰਤਾਂ ਦੇਰ ਰਾਤ ਤੱਕ ਗੱਲਾਂ ਕਰਦੀਆਂ ਰਹਿੰਦੀਆਂ। ਟਿਕੀ ਰਾਤ ਨੂੰ ਥੋੜ੍ਹੀ ਜਿਹੀ ਹਲਚਲ ਹੋਣ ਤੇ ਵੀ ਅਵਾਰਾ ਕੁੱਤੇ ਭੌਂਕਣਾ ਆਪਣਾ ਫਰਜ਼ ਸਮਝਦੇ।

ਪੰਜਾਬ ਦੇ ਇਸ ਸਰੂਪ ਨੂੰ ਲਿਖਾਰੀਆਂ ਨੇ ਜਿਸ ਅੰਦਾਜ਼ ਵਿੱਚ ਪੇਸ਼ ਕੀਤਾ ਹੈ, ਉਸ ਦੀ ਕੁੱਝ ਝਲਕ ਹੇਠਾਂ ਦਰਸਾਈ ਗਈ ਹੈ।

ਸ਼ਹੀਦ ਭਗਤ ਸਿੰਘ ਨਗਰ, ਸ਼ਹਿਰ ਲਾਗੇ ਸਿੰਬਲੀ ਪਿੰਡ ਦੀ ਜੰਮਪਲ ਲਾਹੌਰ ਜਾ ਵਸੀ। ਅਫਜ਼ਲ ਤੌਸੀਫ ਦੇਸ਼ ਵੰਡ ਵਿੱਚ ਗੁਆਚੇ ਆਪਣੇ ਬਚਪਨ ਨੂੰ ਯਾਦ ਕਰਦੀ ਲਿਖਦੀ ਹੈ।

ਉਸ ਵਿਹੜੇ ਵਿੱਚ ਇੱਕ ਕੁੜੀ ਰਿਹਾ ਕਰਦੀ ਸੀ। ਸੋਹਣੀ ਨਾਲੋਂ ਬਹੁਤ ਸੋਹਣੀ ਸੀ ਉਹ। ਨਾਲ ਉਸ ਦੇ ਇੱਕ ਅੱਖੜ ਜਿਹੀ ਕਾਕੀ ਛਾਂ ਵਾਂਗ ਲੱਗੀ ਫਿਰਦੀ ਸੀ। ਉਸ ਪਿੰਡ ਦੀਆਂ ਮਮਟੀਆਂ ਤੇ ਮੋਰ ਪੈਲਾਂ ਪਾਉਂਦੇ ਸਨ। ਖੇਤਾਂ ਵਿੱਚ ਜਵਾਨ ਮਾਹੀਏ ਗਾਉਂਦੇ ਬੜੇ ਖੁਸ਼ ਰਹਿੰਦੇ ਸਨ। ਉਮਰਾਂ ਲੰਘੀਆਂ, ਉੱਥੇ ਮੇਰਾ ਸੱਤਵਾਂ ਜਨਮ ਹੋਇਆ ਸੀ। ਕਿਵੇਂ....? ਜੋ ਮੇਰੇ ਵਡਾਰੂ ਸਦੀਆਂ ਤੇ ਉੱਥੇ ਹੀ ਵੱਸੇ। ਉੱਥੇ ਹੀ ਉਜੜੇ। ਅਕਬਰੀ ਇੱਟ ਦੀ ਚੁਣਾਈ ਵਾਲਾ ਮਕਾਨ ਸੀ। ਕੋਕਿਆਂ ਵਾਲੇ ਦਰਵਾਜ਼ੇ। ਮੈਨੂੰ ਅੱਜ ਵੀ ਸਾਰਾ ਕੁੱਝ ਯਾਦ ਹੈ। ਉਹ ਸਾਰੇ ਹੀ ਜਿਹੜੇ ਉਸ ਘਰ ਵਿੱਚ ਰਹਿੰਦੇ ਸਨ ਤੇ ਉਜੜ ਗਏ। ਪਰ ਸਭਨਾਂ ਦੀ ਬਹੁਤੀ ਯਾਦ ਏ। ਆਪਣੇ ਤਾਏ ਦੀ ਧੀ ਸ਼ੀਨਾ। ਉਸ ਪਿੰਡ ਵਿੱਚ ਹੋਰ ਵੀ ਬੜਾ ਕੁੱਝ ਸੀ। ਅੰਬਾਂ ਦੇ ਬਾਗ, ਜਾਮਨੂੰਆਂ ਦੇ ਜੰਗਲ, ਪਕਦੇ ਗੁੜ ਦੀ ਖੁਸ਼ਬੋ, ਹੱਥ-ਹੱਥ ਲੰਬੀ ਛੱਲੀ, ਗਜ਼ ਗਜ਼ ਪੋਰੀ ਵਾਲੇ ਗੰਨੇ ਤੇ ਗੀਤ। ਸਾਲ ਦੇ ਮੌਸਮਾਂ ਦੇ ਗੀਤ, ਕਣਕ ਦੇ ਚੇਤਰ ਦੇ। ਬਸੰਤ-ਵਿਸਾਖੀ ਦੇ ਗੀਤ ਪਿਆਰ ਦੇ। ਫੇਰ ਵੀ ਮੈਨੂੰ ਮੋਰ ਬਹੁਤ ਚੰਗਾ ਲੱਗਦੇ ਸਨ। ਮੋਰ ਤੇ ਭੈਣ ਸ਼ੀਨਾ। ਸਾਰਿਆਂ ਪੰਛੀਆਂ ਤੇ ਕੁੜੀਆਂ ਵਿੱਚੋਂ ਹੁਸਨ ਦੀ ਸਰਦਾਰੀ ਇਨ੍ਹਾਂ ਦੋਵਾਂ ਕੋਲ ਸੀ। ਭੈਣ ਸ਼ੀਨਾ ਦੇ ਮੁੱਖੜੇ ਦਾ ਰੰਗ ਮੈਦੇ ਵਿੱਚ ਸੋਨਾ ਗੁੰਨ ਕੇ ਬਣਿਆ ਸੀ। ਕੱਦ ਸਰੂ ਵਰਗਾ, ਅੱਖਾਂ ਹੀਰ ਜਿਹੀਆਂ। ਭੈਣ ਸ਼ੀਨਾ ਦਾ ਕੋਈ ਰਾਂਝਾ ਨਹੀਂ ਸੀ। ਪਰ ਸਾਰੇ ਉਹਨੂੰ ਚੰਗਾ ਜਾਣਦੇ ਸੀ। ਮੇਰੇ ਵਰਗੀਆਂ ਨਿੱਕੀਆਂ ਕਾਕੀਆਂ ਲਈ ਤਾਂ ਉਹ ਦੇਵੀ ਸੀ। ਸਾਰੀਆਂ ਉਸਦੇ ਪਿੱਛੇ ਲੱਗੀਆਂ ਫਿਰਦੀਆਂ। ਉਸ ਦਾ ਆਖਾ ਹੁਕਮ ਵਾਂਗ ਮੰਨ ਲੈਂਦੀਆਂ। ਜੋ ਭੈਣ ਸ਼ੀਨਾ ਕਹਵੇ ਉਹੋ ਚੰਗਾ। ਉਸਦੀ ਇੱਕ ਖਾਸ ਆਦਤ ਸੀ। ਸਵੇਰੇ ਸੌਂ ਕੇ ਉੱਠਦੀ ਤਾਂ ਅੱਖਾਂ ਮਲਦੀ-ਮਲਦੀ ਪੌੜੀਆਂ ਚੜ੍ਹ ਜਾਂਦੀ। ਧੁਰ ਕੋਠੇ ਤੇ ਜਾ ਖਲੋਂਦੀ। ਫੇਰ ਉੱਥੋਂ ਟਾਹਰਾਂ ਮਾਰ ਕੇ ਘਰ ਦੇ ਨਿਆਣਿਆਂ ਨੂੰ ਜਿਨ੍ਹਾਂ ਵਿੱਚੋਂ ਇੱਕ ਮੈਂ ਵੀ ਸਾਂ, ਜਗਾਉਂਦੀ। ਹੁਕਮ ਦਿੰਦੀ 'ਦਾਨਾ ਪਾਣੀ ਲੈ ਕੇ ਆਓ।"

ਸਾਡੀ ਮੰਮਟੀ ਉੱਤੋਂ ਸਾਰੇ ਮੁਹੱਲੇ ਦੀਆਂ ਛੱਤਾਂ ਦਿੱਸਦੀਆਂ ਸਨ। ਅੱਗੇ ਪਿੱਛੇ ਉਨ੍ਹਾਂ ਛੱਤਾਂ ਉੱਤੇ ਮੱਕੀ, ਕਪਾਹ, ਮਿਰਚਾਂ, ਵਰਗੀਆਂ ਸ਼ੈਵਾਂ ਸੁਕਦੀਆਂ ਰਹਿੰਦੀਆਂ। ਪਰ ਸਜਰੀ ਸਵੇਰ ਨੂੰ ਇਹ ਕੋਠੇ ਮੋਰਾਂ, ਮੋਰਨੀਆਂ ਨਾਲ ਭਰੇ ਹੋਂਦੇ। ਦਾਣੇ ਚੁਗਦੇ, ਪੈਲਾਂ ਪਾਉਂਦੇ ਮੋਰ ਬਾਦਸ਼ਾਹ ਤੇ ਰਾਣੀਆਂ ਮੋਰਨੀਆਂ ਘੁੰਮਣ ਘੇਰੀਆਂ ਪਾਈ ਜਾਂਦੀਆਂ। ਨਾਚ ਮੁੱਕਦਾ, ਉਸ

☛ ਬਾਕੀ ਸਫ਼ਾ II 'ਤੇ

ਗੁੱਸਾ : ਤਨ, ਮਨ, ਧਨ ਦਾ ਨਾਸ਼

ਫੀਰੋਜ਼ ਬਖ਼ਤ ਅਹਿਮਦ

ਕੁੱਝ ਦਿਨ ਪਹਿਲਾਂ ਲੇਖਕ ਨੇ ਸ੍ਰੀ, ਸ੍ਰੀ ਰਵੀ ਸ਼ੰਕਰ ਨੂੰ ਇੱਕ ਇੰਟਰਵਿਊ ਵਿੱਚ ਪੁੱਛਿਆ ਕਿ ਤੁਸੀਂ ਪਿਛਲੇ 20 ਸਾਲਾਂ ਵਿੱਚ ਯੋਗਾ ਕਲਾਸਾਂ ਨੂੰ ਚਲਾ ਰਹੇ ਹੋ ਪਰ ਪ੍ਰਸ਼ਨ ਦਾ ਜਵਾਬ ਦਿਉ ਕਿ ਤੁਸੀਂ ਕਿਸ ਸਮੇਂ ਗੁੱਸੇ ਵਿੱਚ ਆਉਂਦੇ ਹੋ। ਸ੍ਰੀ ਰਵੀ ਸ਼ੰਕਰ ਵੱਲੋਂ ਕੁੱਝ ਸਮਾਂ ਵਿਚਾਰਨ ਬਾਅਦ ਉੱਤਰ ਮਿਲਿਆ ਕਿ ਉਹ ਪਿਛਲੇ 10 ਸਾਲਾਂ ਤੋਂ ਉਨ੍ਹਾਂ ਨੂੰ ਕਦੀ ਵੀ ਗੁੱਸਾ ਨਹੀਂ ਆਇਆ। ਜਦੋਂ ਤੋਂ ਉਹ ਯੋਗਾ ਅਭਿਆਸ ਕਰ ਰਹੇ ਹਨ, ਸ਼ਾਇਦ ਇੱਕ ਜਾਂ ਦੋ ਵਾਰ ਹੀ ਉਨ੍ਹਾਂ ਨੂੰ ਗੁੱਸਾ ਆਇਆ ਅਤੇ ਜਿਸ ਨੂੰ ਉਨ੍ਹਾਂ ਨੇ ਕੇਵਲ 30 ਸਕਿੰਟਾਂ ਅੰਦਰ ਹੀ ਕਾਬੂ ਕਰ ਲਿਆ। ਸੰਸਾਰ ਦੇ ਕੁੱਝ ਹੋਰ ਵੀ ਅਨੇਕ ਬੁੱਧੀਜੀਵੀ ਜਿਵੇਂ ਕਿ ਮੁਲਾਨਾ ਅਜ਼ਾਦ, ਮਹਾਤਮਾ ਗਾਂਧੀ, ਅਰੁਣ ਗਾਂਧੀ, ਖਵਾਜਾ ਹਸਨ, ਮਾਨੀਨਿਆਜੀ. ਸੁਆਮੀ ਰਾਮਦੇਵ, ਰੋਬਰਟ ਪਰੀਚਰ ਸ਼ਾਮਲ ਹਨ। ਜਿਨ੍ਹਾਂ ਵੱਲ ਗੁੱਸਾ ਕਾਬੂ ਕਰਨ ਦੇ ਅਨੇਕ ਸੁਝਾਉ ਅਤੇ ਤਰੀਕੇ ਦੱਸੇ ਗਏ ਹਨ। ਮਹਾਤਮਾ ਗਾਂਧੀ ਦੇ ਪੰਜਵੇਂ ਪੋਤੇ ਅਰੁਣ ਗਾਂਧੀ ਵੱਲ ਇਸ ਵਿੱਦਿਆ ਸਬੰਧੀ ਅਨੇਕ ਤਜ਼ਰਬੇ ਕੀਤੇ ਗਏ ਕਿ ਗੁੱਸੇ ਨੂੰ ਜਲਦੀ ਤੋਂ ਜਲਦੀ ਕੰਟਰੋਲ ਕੀਤਾ ਜਾ ਸਕਦਾ ਹੈ, ਉਨ੍ਹਾਂ ਵੱਲੋਂ ਤਾਂ ਇੱਥੋਂ ਤੱਕ ਵੀ ਸਾਬਿਤ ਕਰ ਦਿੱਤਾ ਗਿਆ ਕਿ ਅੱਤਵਾਦ ਨੂੰ ਗੁੱਸੇ ਤੋਂ ਬਾਹਰ ਕੱਢ ਕੇ ਕੁਝ ਖ਼ਾਸ ਹੀ ਢੰਗ ਨਾਲ ਕਾਬੂ ਕੀਤਾ ਜਾ ਸਕਦਾ ਹੈ। ਅਰੁਣ ਗਾਂਧੀ ਨੂੰ ਅਮਰੀਕਾ ਦੀ ਰੋਚੈਸਟਰ ਸੰਸਥਾ ਦਾ ਉੱਚ-ਅਧਿਕਾਰੀ ਨਿਯੁਕਤ ਕੀਤਾ ਗਿਆ ਸੀ, ਉਨ੍ਹਾਂ ਨੇ ਇਹ ਸਾਬਿਤ ਕੀਤਾ ਕਿ ਅੱਤਵਾਦ ਜਾਂ ਦੂਸਰੇ ਦੇਸ਼ਾਂ ਨਾਲ ਜੁੜੀਆਂ ਲੜਾਈਆਂ ਦਾ ਸਭ ਤੋਂ ਵੱਡਾ ਕਾਰਣ ਗੁੱਸਾ ਹੀ ਸੀ, ਜੋ ਕੌਮਾਂ ਵਿੱਚ ਉਬਲ ਕੇ ਬਾਹਰ ਆਇਆ। ਜਦੋਂ ਵੀ ਗੁੱਸੇ ਦੀ ਹੱਦ ਕਾਬੂ ਤੋਂ ਬਾਹਰ ਹੋ ਜਾਂਦੀ ਹੈ ਤਾਂ ਉਸ ਦੇ ਨਤੀਜੇ ਹਮੇਸ਼ਾਂ ਹੀ ਖ਼ਤਰਨਾਕ ਹੁੰਦੇ ਹਨ।

ਅੱਤਵਾਦ ਤਾਂ ਇੱਕ ਬਹੁਤ ਹੀ ਵੱਡਾ ਮਸਲਾ ਹੈ ਪਰ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਵੀ ਗੁੱਸਾ ਹਮੇਸ਼ਾਂ ਹੀ ਅੱਤਵਾਦ ਪੈਦਾ ਕਰਦਾ ਰਹਿੰਦਾ ਹੈ, ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਗੁੱਸੇ ਦਾ ਅੱਤਵਾਦ ਹਰ ਰੋਜ਼ ਹਰ ਵਿਅਕਤੀ ਦੀ ਜ਼ਿੰਦਗੀ ਅੰਦਰ ਵੱਧਦਾ ਹੀ ਜਾ ਰਿਹਾ ਹੈ। ਇਹ ਸਭ ਕੁੱਝ ਕੀ ਹੋ ਰਿਹਾ ਹੈ, ਇਸ ਦਾ ਕੀ ਕਾਰਣ ਹੈ? ਗੁੱਸਾ ਦੋ ਕਿਸਮ ਦਾ ਹੁੰਦਾ ਹੈ, ਅੰਦਰੂਨੀ ਅਤੇ ਬਾਹਰੀ, ਪਰ ਇਸ ਦੇ ਪਿੱਛੇ ਜ਼ਰੂਰ ਹੀ ਕੋਈ ਨਾ ਕੋਈ ਛੋਟੀ ਜਾਂ ਵੱਡੀ ਘਟਨਾ ਹੁੰਦੀ ਹੈ। ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਘਟਨਾ 'ਤੇ ਦਿਨ ਅਨੇਕ ਬਾਰ ਗੁੱਸਾ ਆ ਸਕਦਾ ਹੈ, ਜਿਸ ਦਾ ਅਸਰ ਕੁੱਝ ਸੈਕਿੰਟਾਂ ਤੋਂ ਲੈ ਕੇ ਕਈ ਘੰਟਿਆਂ ਤੱਕ ਹੋ ਸਕਦਾ ਹੈ। ਘਰ ਅੰਦਰ ਬੈਠੇ ਜਾਂ ਸੜਕ 'ਤੇ ਚੱਲਦੇ ਜਾਂ ਸਫ਼ਰ ਕਰਦੇ ਕਦੀ ਵੀ ਅੰਦਰੂਨੀ ਗੁੱਸਾ ਪੈਦਾ ਹੋ ਸਕਦਾ ਹੈ। ਕਈ ਵਾਰ ਵਿਅਕਤੀਗਤ ਸਮੱਸਿਆਵਾਂ ਨੂੰ ਲੈ ਕੇ ਅੰਦਰੂਨੀ ਗੁੱਸਾ ਆਉਂਦਾ ਹੈ। ਦੁੱਖ-ਦਾਇਕ ਘਟਨਾਵਾਂ ਨੂੰ ਯਾਦ ਕਰਕੇ ਵੀ ਕਈ ਵਾਰ ਅੰਦਰੂਨੀ ਗੁੱਸੇ ਦਾ ਤੂਫ਼ਾਨ ਉੱਠ ਜਾਂਦਾ ਹੈ। ਇਸ ਸਚਾਈ ਤੋਂ ਦੂਰ ਨਹੀਂ ਜਾਇਆ ਜਾਂਦਾ ਕਿ ਬੇਸਬਰੀ ਅਤੇ

☛ ਬਾਕੀ ਸਫ਼ਾ II 'ਤੇ

ਤੰਗੀਆਂ -ਤੁਰਸ਼ੀਆਂ

ਸਾਂਝਾਂ ਆਰ-ਪਾਰ ਦੀਆਂ -13

ਹਰਭਜਨ ਸਿੰਘ ਬਰਾੜ
92161-44432

ਪਾਕਿਸਤਾਨ ਤੋਂ ਉੱਜੜ ਤੇ ਤਿੰਨਾਂ ਕੱਪੜਿਆਂ ਵਿੱਚ ਚੜ੍ਹਦੇ ਪੰਜਾਬ ਆਏ। ਕੋਈ ਸਾਨੂੰ ਰਿਫਊਜ਼ੀ ਕਹੇ, ਕੋਈ ਪਾਕਿਸਤਾਨ ਕਹੇ ਅਤੇ ਕੋਈ ਬਾਰ ਵਾਲੇ ਕਹੇ। ਜ਼ਮੀਨ ਲੱਭਦੇ-ਲੱਭਦੇ ਪਹਿਲਾਂ ਜੱਦੀ ਪਿੰਡ ਡੱਗਰੂ-ਡਰੋਲੀ ਗਏ। ਸਾਡਾ ਪਿਛਲਾ ਪਿੰਡ ਡੱਗਰੂ ਸੀ, ਗੱਲ ਨਾ ਬਣੀ। ਫਿਰ ਮਾਣੂਕੇ ਗਿੱਲਾਂ ਦੇ ਨੇੜੇ ਪਿੰਡ ਫੂਲੇਵਾਲੇ ਆ ਗਏ, ਸਾਡੇ ਨਾਨਕੇ ਮਾਣੂਕੇ ਸੀ। ਫੂਲੇਵਾਲ ਤੋਂ ਤਕਰੀਬਨ ਵੀਹ-ਪੰਝੀ ਮੁਸਲਮਾਨਾਂ ਮੁਰੱਬਾ ਜ਼ਮੀਨ ਨਿਆਈਂ ਵਿੱਚ ਅਤੇ ਇੱਕ ਮੁਰੱਬਾ ਪਿੰਡ ਤੋਂ ਥੋੜ੍ਹੀ ਦੂਰ ਅਲਾਟ ਹੋ ਗਈ। ਦਸ ਕਿੱਲ੍ਹੇ ਜ਼ਮੀਨ ਪੰਜ-ਛੇ ਮੀਲ 'ਤੇ ਅਲਾਟ ਹੋਈ। ਜਿੰਨੀ ਜ਼ਮੀਨ ਪਾਕਿਸਤਾਨ ਵਿੱਚ ਸੀ, ਉਸ ਤੋਂ ਅੱਧੀ ਵੀ ਨਹੀਂ ਮਿਲੀ। ਨਾ ਹੀ ਬੀਜ ਪਾਉਣ ਨੂੰ ਪੈਸਾ, ਨਾ ਹੀ ਬੀਜਣ ਨੂੰ ਕੁਝ। ਮਾੜੇ ਕਰਮਾਂ ਨੂੰ ਅਜੇ ਥੋੜ੍ਹੇ ਬਹੁਤੇ ਪੈਰ ਜੰਮੇ ਹੀ ਸਨ ਕਿ ਸਾਡੇ ਪਿੰਡਾਂ ਵਿੱਚ ਸੇਮ ਆ ਗਈ। ਇੱਕ ਫੁੱਟ ਜ਼ਮੀਨ ਪੱਟਣੀ ਤੇ ਪਾਣੀ ਆ ਜਾਂਦਾ ਸੀ। ਉੱਥੇ ਫਸਲ ਕੀ ਹੋਣੀ ਸੀ। ਡੇਢੇ ਸਵਾਏ 'ਤੇ ਦਾਣੇ ਲੈਣੇ। ਬੜੀ ਮੁਸ਼ਕਿਲ ਨਾਲ ਗੁਜ਼ਾਰਾ ਚੱਲਦਾ ਸੀ। ਮੇਰੇ ਬਾਪੂ ਸਰਦਾਰ ਕਰਨੈਲ ਸਿੰਘ ਦੇ ਦੋ ਵਿਆਹ ਸਨ। ਦੂਜਾ ਵਿਆਹ ਸਾਡੇ ਨਾਨਕੇ ਪਿੰਡ ਗਾਲਬ ਰਣ ਸਿੰਘ ਜਗਰਾਉਂ ਦੇ ਨੇੜੇ ਸੀ। ਉਨ੍ਹਾਂ ਕੋਲ ਚਾਲੀ-ਪੰਜਾਹ ਕਿੱਲ੍ਹੇ ਜ਼ਮੀਨ ਸੀ। ਉਹ ਸਾਡੀ ਮੱਦਦ ਵੀ ਕਰਦੇ ਸਨ। ਭੈਣਾਂ ਔਖੀਆਂ ਹੋਣ ਤਾਂ ਭਰਾ ਮੱਦਦ ਕਰਦੇ ਹੀ ਹਨ। ਇਹ ਦਸਤੂਰ ਦੁਨੀਆਂ 'ਤੇ ਚਲਿਆ ਆਉਂਦਾ ਹੈ। ਮੇਰੇ ਨਾਨਕਿਆਂ ਨੇ ਟਰੈਕਟਰ ਨਾਲ ਸਾਡੀ ਜ਼ਮੀਨ ਵਾਹ ਜਾਣੀ ਅਤੇ ਨਾਲੇ ਤੂੜੀ ਦੀ ਟਰਾਲੀ ਵਿੱਚ ਪੰਜ-ਚਾਰ ਬੋਰੀਆਂ ਕਣਕ ਦੀਆਂ ਲੱਦ ਲੈ ਆਉਣੀਆਂ। ਅਸੀਂ ਰਾਤ ਨੂੰ ਹਨੇਰੇ ਵਿੱਚ ਕਣਕ ਦੀਆਂ ਬੋਰੀਆਂ ਕੱਢ ਲੈਣੀਆਂ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ ਕਿ ਮਾਮੇ ਕਣਕ ਦੇ ਕੇ ਗਏ ਹਨ। ਬਗ਼ੈਰ ਦੁੱਧ ਦੇਣ ਵਾਲੇ ਡੰਗਰ ਲੈ ਜਾਣੇ ਤੇ ਦੁੱਧ ਦੇਣ ਵਾਲੀ ਗਾਂ, ਮੱਝ ਛੱਡ ਜਾਣੀ।

ਆਖ਼ੀਰ ਵੱਡਾ ਭਰਾ ਅਠਾਰਾਂ ਸਾਲ ਦਾ ਹੋ ਗਿਆ। ਉਹ ਸਿੱਖ ਰਜਮੈਂਟ ਵਿੱਚ 1960 ਨੂੰ ਭਰਤੀ ਹੋ ਗਿਆ। 1963 ਵਿੱਚ ਦਸਵੀਂ ਕਰਕੇ ਮੈਂ ਵੀ ਤੋਪਖ਼ਾਨੇ ਵਿੱਚ ਭਰਤੀ ਹੋ ਗਿਆ। ਅਸੀਂ ਦੋਵਾਂ ਭਰਾਵਾਂ ਨੇ ਪੰਜ ਦਸ ਰੁਪਏ ਰੱਖ ਕੇ ਸਾਰੀ ਤਨਖ਼ਾਹ ਘਰ ਭੇਜ ਦੇਣੀ। ਤਨਖ਼ਾਹ ਹੁੰਦੀ ਸੀ ਪਰ ਅੱਜ ਦੇ ਹਜ਼ਾਰਾਂ ਤੋਂ ਚੰਗੀ ਸੀ। 1965 ਦੀ ਲੜਾਈ ਲੱਗੀ। ਵੱਡਾ ਭਰਾ ਜ਼ਖ਼ਮੀ ਹੋ ਗਿਆ ਅਤੇ ਘਰ ਆ ਗਿਆ। ਮੈਂ ਵੀ 1972 ਵਿੱਚ ਫੌਜ ਛੱਡ ਕੇ ਘਰ ਆ ਗਿਆ। ਘਰ ਦੇ ਹਾਲਾਤ ਕੁਝ ਠੀਕ ਹੋਏ। ਮੈਂ ਆਪਣੇ ਛੋਟੇ ਭਰਾ ਨੂੰ ਈਰਾਨ ਭੇਜ ਦਿੱਤਾ। ਮੈਂ ਵੀ ਬਾਹਰਲੇ ਮੁਲਕਾਂ ਵਿੱਚ ਬੰਦੇ ਲੈ ਕੇ ਜਾਣ ਲੱਗ ਪਿਆ। ਉਨ੍ਹਾਂ ਦਿਨ੍ਹਾਂ ਵਿੱਚ ਕਈਆਂ ਮੁਲਕਾਂ ਦੇ ਵੀਜ਼ੇ ਸੌਖੇ ਮਿਲ ਜਾਂਦੇ ਸਨ। ਅੱਜ ਜਿੰਨਾਂ ਔਖਾ ਕੰਮ ਨਹੀਂ ਸੀ। ਈਰਾਨ, ਈਰਾਕ ਜੋਰਡਨ, ਸੀਰੀਆ, ਲਿਬਨਾਨ, ਗਰੀਸ, ਇਟਲੀ ਆਮ ਆਦਮੀ ਜਾਂਦੇ ਸਨ। ਪੰਜਾਬ ਵਿੱਚ ਕਈ ਏਜੰਟ ਮਸ਼ਹੂਰ ਸਨ। ਵਿਸਾਖਾ, ਬਾਤਾ, ਰਕਬੇ ਵਾਲਾ, ਸੀਤਲ ਨੀਲੋ ਵਾਲਾ, ਤਾਰਾ ਬੁਜਗਰ ਵਾਲਾ, ਗੁਰਚਰਨ ਲੋਹਗੜ੍ਹ ਵਾਲਾ ਹਰੀ ਸਿੰਘ ਰਾਉਂਤਾ, ਰੇਸ਼ਮ ਇੰਦਗੜ੍ਹ, ਬਚਿੱਤਰ ਘੋਲੀਆ, ਲਸ਼ਮਣ ਸਮਾਲਸਰ ਅਤੇ ਹੋਰ ਕਾਫ਼ੀ ਆਦਮੀ ਸਨ। ਈਰਾਨ ਜਾਣ ਦਾ ਰੇਟ ਛੇ ਹਜ਼ਾਰ ਰੁਪਏ ਹੁੰਦਾ ਸੀ। ਪਰ ਖ਼ਰਚ ਦੋ ਕੁ ਹਜ਼ਾਰ ਹੀ ਆਉਂਦਾ ਸੀ। ਆਦਮੀ ਈਰਾਨ ਪਹੁੰਚ ਜਾਂਦਾ ਸੀ। ਇ-ਚਾਲੀ ਤੁੰਮਨ ਦਿਹਾੜੀ ਮਿਲ ਜਾਂਦੀ ਸੀ। ਸਵਾ ਕੁ ਰੁਪਏ ਦਾ ਇੱਕ ਤੁੰਮਨ ਹੁੰਦਾ ਸੀ।

ਓਵਰ ਟਾਈਮ ਪਾ ਕੇ ਤਕਰੀਬਨ ਪੰਜ ਕੁ ਹਜ਼ਾਰ ਰੁਪਏ ਨੂੰ ਪਹੁੰਚ ਜਾਂਦਾ ਸੀ। ਰਿਹਾਇਸ਼ ਫਰੀ ਹੁੰਦੀ ਸੀ। ਦਾਰੂ ਸਸਤੀ ਅਤੇ ਕਰ ਕਰਾ ਕੇ 4, 5 ਹਜ਼ਾਰ ਰੁਪਏ ਘਰ ਭੇਜ ਦਿੰਦਾ ਸੀ। ਇਹ ਗੱਲ 1974-75 ਦੀ ਹੈ। ਉਨ੍ਹਾਂ ਦਿਨੀ ਪਿੰਡਾਂ ਵਿੱਚ ਏਕੜ ਜ਼ਮੀਨ ਦੀ ਕੀਮਤ ਛੇ-ਸੱਤ ਹਜ਼ਾਰ ਹੀ ਹੁੰਦੀ ਸੀ। ਉਦੋਂ ਈਰਾਨ ਵਿੱਚ ਰਾਜਾ ਪਹਿਲਵੀ ਦਾ ਰਾਜ ਹੁੰਦਾ ਸੀ। ਰਾਜਾ ਬਹੁਤ ਚੰਗਾ ਸੀ। ਉਸ ਦੀ ਪਰਜਾ ਵੀ ਉਸ 'ਤੇ ਬਹੁਤ ਖੁਸ਼ ਸੀ। ਦੁਨੀਆਂ ਵਿੱਚ ਜੇ ਜ਼ਨਾਨੀਆਂ ਸੁਨੱਖੀਆਂ ਜਾਂ ਸੋਹਣੀਆਂ ਹਨ ਤਾਂ ਈਰਾਨ ਜਾਂ ਈਰਾਕ ਵਿੱਚ ਹੀ ਹਨ। ਈਰਾਨ ਅਤੇ ਈਰਾਕ ਦੀਆਂ ਜ਼ਨਾਨੀਆਂ ਨੂੰ ਹੂਰਾਂ ਦਾ ਦਰਜ਼ਾ ਦਿੱਤਾ ਜਾਂਦਾ ਸੀ। ਆਪਣੇ ਦੇਸੀ ਮੁੰਡਿਆਂ ਨਾਲ ਈਰਾਨ ਦੀਆਂ ਕੁੜੀਆਂ ਫੈਕਟਰੀਆਂ ਵਿੱਚ ਬੜੀ ਖੁਸ਼ੀ ਨਾਲ ਕੰਮ ਕਰਦੀਆਂ ਸਨ। ਜੇ ਕਿਸੇ ਕੁੜੀ ਨੇ ਸਾਡੇ ਦੇਸੀ ਮੁੰਡੇ ਨਾਲ ਹੱਥ ਮਿਲਾ ਲੈਣਾ ਤੇ ਸ਼ੁਬ੍ਹਾ ਖ਼ੈਰ ਕਹਿ ਦੇਣਾ ਤੇ ਮੁੰਡੇ ਨੇ ਸਾਰਾ ਦਿਨ ਹੱਥ ਹੀ ਨਾ ਧੋਣਾ। ਉਹ ਕੁੜੀਆਂ ਦੇਸੀ ਮੁੰਡਿਆਂ ਨੂੰ ਆਪਣੇ ਘਰ ਲੈ ਜਾਂਦੀਆਂ ਅਤੇ ਰੱਜ ਕੇ ਰੋਟੀ ਖਵਾਉਂਦੀਆਂ। ਜਦੋਂ ਈਦ ਹੁੰਦੀ ਸੀ ਤਾਂ ਫੈਕਟਰੀਆਂ ਦੇ ਮਾਲਕ ਬੋਰੀਆਂ ਭਰ ਕੇ ਨੋਟਾਂ ਦੀਆਂ ਲੈ ਕੇ ਆਉਂਦੇ ਤੇ ਮੁੱਠਾਂ ਭਰ-ਭਰ ਕੇ ਵੰਡਦੇ ਸਨ।

ਹਜ਼ਾਰ-ਹਜ਼ਾਰ, ਦੋ-ਦੋ ਹਜ਼ਾਰ ਰੁਪਇਆਂ ਤਾਂ ਆਮ

☛ ਬਾਕੀ ਸਫ਼ਾ II 'ਤੇ